# ਅਖੰਡ ਕੀਰਤਨੀ ਜੱਥਾ, ਕੈਨੇਡਾ

# Akhand Keertanee Jathaa, Canada

ਮਿਤੀ: ਅਗਸਤ ੧੦, ੨੦੦੬

ਜਥੇਦਾਰ ਜੋਗਿੰਦਰ ਸਿੰਘ ਜੀ
ਸ੍ਰੀ ਅਕਾਲ ਤਖ਼ਤ ਸਾਹਿਬ - ਸ੍ਰੀ ਅੰਮ੍ਰਿਤਸਰ

ਪਰਮ ਸਤਿਕਾਰਯੋਗ ਜਥੇਦਾਰ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥

**ਸਿੱਖੀ ਦਾ ਸਤਿਕਾਰ**

ਸਿੱਖ ਤੇ ਸਿੱਖੀ ਵਿਚ ਕੀ ਫਰਕ ਹੈ? ਸਿੱਖ ਨੇ ਸਿੱਖੀ ਕਮਾਉਣੀ ਹੈ ਪਰ ਵੇਖਣਾ ਹੈ ਕਿ ਕਿੰਨੀ ਕੁ ਕਮਾਈ ਹੈ, ੨੫% ਜਾਂ ੫੦% ਜਾਂ ੬੦%। ਸਿੱਖੀ ਕੀ ਹੈ? ਇਹ ਤਾਂ "**ਗੁਰਬਾਣੀ ਬਣੀਐ**" ਵਾਲੀ ਗਲ ਹੈ, ਜਾਂ ਫਿਰ ਭਾ: ਗੁਰਦਾਸ ਜੀ ਦੀ ਬਾਣੀ ਤੋਂ ਪਤਾ ਚਲਦਾ ਹੈ। ਪਰ ਸਿੱਖ ਤਾਂ ਕਮਾਵਣਹਾਰਾ ਹੈ॥

ਜਦ ਅਸੀਂ ਧਾਰਮਿਕ ਜਥੇਦਾਰ, ਪ੍ਰਬੰਧਕ ਜਾਂ ਸੇਵਾਦਾਰ ਚੁਣਦੇ ਹਾਂ ਤਾਂ ਕਿੰਨਾ ਕੁ ਸਿੱਖੀ ਦਾ ਖਿਆਲ ਰਖਿਆ ਜਾਂਦਾ ਹੈ? ਇਹ ਜਥੇਦਾਰੀ ਜਿੰਮੇਵਾਰੀ ਕਾਰਣ ਇਕ ਅਜੱਰ ਵਸਤੂ ਹੈ ਜੋ ਨਾ ਬਲ ਕਾਰਣ, ਨਾ ਚਤੁਰਾਈ, ਤੇ ਨਾ ਹੀ ਕਿਸੇ ਖਾਸ ਪੋਸ਼ਾਕ ਨਾਲ ਸਬੰਧਤ ਹੈ। ਇਹ ਤਾਂ ਸਿੱਖੀ ਆਚਰਣ ਹੀ ਹੈ।

ਜੋ ਕੁਛ ਸ੍ਰੀ ਦਰਬਾਰ ਸਾਹਿਬ ਜਾਂ ਗੁ: ਦੂਖਨਿਵਾਰਣ ਸਾਹਿਬ ਵਿਖੇ ਵਰਤਿਆ (ਸਿੱਖੀ ਅਤੇ ਗੁਰਬਾਣੀ ਦੀ ਬੇਅਦਬੀ) ਸਭ ਕੁਛ ਅਖਬਾਰਾਂ ਰਾਹੀਂ ਦੁਨੀਆਂ ਸਾਹਮਣੇ ਆ ਗਿਆ ਹੈ। ਇਸ ਵਿਚ ਕਿੰਨਾ ਕੁ ਸੱਚ, ਜਾਂ ਝੂਠ ਹੈ, ਪ੍ਰਮਾਤਮਾ ਹੀ ਜਾਣਦਾ ਹੈ। ਬਿਆਨਾਂ ਰਾਹੀਂ ਪ੍ਰਬੰਧਕਾਂ ਤੇ ਦੂਸਰੇ ਧਿਰ ਵਾਲਿਆਂ ਨੇ "**ਆਪੁ ਆਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ**" ਅਨੁਸਾਰ ਅਪਣੇ ਆਪ ਨੂੰ ਸੱਚੇ ਹੋਣ ਦੇ ਦਾਅਵੇ ਕੀਤੇ ਹਨ। ਪਰ ਨਾਲ ਤਸਵੀਰਾਂ ਭੀ ਆਈਆਂ ਹਨ ਅਤੇ ਸੱਚ ਨੂੰ ਜ਼ਾਹਰ ਕਰਦੀਆਂ ਹਨ। ਪਗੜੀਆਂ ਖੁਣੋਂ ਲੱਜ ਪਤਿ ਲੱਥੀ ਹੋਈ, ਨੰਗੀਆਂ ਕ੍ਰਿਪਾਨਾ ਦੁਆਰਾ ਅਹੰਕਾਰ ਦਾ ਦਿਖਾਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਸੀਲ, ਸੰਜਮ, ਸੰਤੋਖ, ਦਇਆ, ਸੂਝ-ਬੂਝ, ਦਾ ਦਿਵਾਲਾ ਨਿਕਲਿਆ ਹੋਇਆ। ਕਿਥੇ? ਸਿੱਖੀ ਕੇਂਦਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ। ਕਾਰਿੰਦੇ ਉਸੇ ਤਰਾਂ ਸੱਚੇ ਦੇ ਸੱਚੇ, ਪਰ ਨੁਕਸਾਨ ਵਲ ਕੋਈ ਧਿਆਨ ਨਹੀਂ, ਕਿਉਂਕਿ ਇਹ ਸਿੱਖੀ ਦਾ ਸੀ, ਸਿੱਖਾਂ ਦਾ ਨਹੀਂ।

30 Miramar Street, Brampton, Ontario, Canada, L6R 2S7

# ਅਖੰਡ ਕੀਰਤਨੀ ਜੱਥਾ, ਕੈਨੇਡਾ

## Akhand Keertanee Jathaa, Canada

ਪਟਿਆਲੇ, ਪਿਛਲੀਆਂ ਭੁਲਾਂ ਨੂੰ ਵਿਸਾਰ ਕੇ ਕੋਈ ਸਿੱਖੀ ਸਬਕ ਨਹੀਂ ਸਿਖਿਆ ਜਾਪਦਾ। ਤਸਵੀਰ ਦਸਦੀ ਹੈ: ਅੰਮ੍ਰਿਤਧਾਰੀ ਸਿੰਘਾਂ ਦੀਆਂ ਪਗੜੀਆਂ ਨੂੰ ਤਾਂ ਰੋਲਿਆ ਹੀ ਗਿਆ, ਪਰ ਉਨਾਂ ਨੂੰ ਕੇਸਾਂ ਤੋਂ ਪਕੜ ਕੇ ਘਸੀਟਿਆ ਗਿਆ ਜਿਨ੍ਹਾਂ ਕੇਸਾਂ ਦੀ ਬੇਅਦਬੀ ਕਾਰਣ ਇਕ ਸਿੱਖ ਪਤਿਤ ਹੋ ਜਾਂਦਾ ਹੈ। ਹਨੇਰ ਸਾਈਂ ਦਾ ਕਿਨ੍ਹਾਂ ਵਲੋਂ? ਸਾਡੀ ਸਿੱਖ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਵਲੋਂ। ਪਤਾ ਨਹੀਂ ਉਨਾਂ ਨੂੰ ਐਸਾ ਹੁਕਮ ਕਿਸ ਨੇ ਦਿਤਾ? ਜਾਂ ਇਹ ਉਨਾਂ ਦੀ ਆਪ-ਹੁਦਰੀ ਕਾਰਵਾਈ ਸੀ? ਕੀ ਇਸ ਨੂੰ ਸੁਹਿਰਦਤਾ ਨਾਲ ਨਹੀਂ ਸੀ ਨਜਿਠਿਆ ਜਾ ਸਕਦਾ? ਕੀ ਸਿੰਘਾਂ ਨੇ ਕੋਈ ਗੁਰਮਤ ਵਿਰੁਧ, ਮਨਮੁਖੀ ਕੰਮ ਕੀਤਾ ਸੀ? ਤਹੱਮਲ ਉਡ ਗਿਆ, ਜੇਰਾ ਗ਼ਰਕ ਹੋ ਗਿਆ, ਹਉ-ਹਉ ਦੀ ਚੱੜ ਮੱਚ ਗਈ। ਨਾਮ ਦੀ ਤਾਂ ਗਲ ਹੀ ਛਡੋ, ਉਹ ਟਾਸਕ ਫੋਰਸ ਵਾਲਿਆਂ ਨੂੰ ਸਿੰਘਾਂ ਵਲੋਂ ਹੁੰਦਾ ਸਿਮਰਣ ਸੁਣਿਆ ਹੀ ਨਹੀਂ। ਐਸੀਆਂ ਹਰਕਤਾਂ ਤਾਂ ੫੦ ਸਾਲ ਪਹਿਲਾਂ ਪੁਲਿਸ ਵਾਲੇ ਕਰਿਆ ਕਰਦੇ ਸਨ। ਹੈ ਕੋਈ ਫਰਕ?

ਸ੍ਰਬੱਤ ਤਖ਼ਤਾਂ ਦੇ ਸਿੰਘ ਸਾਹਿਬਾਨਾਂ ਅਗੇ ਬਹੁੜੀ, ਬੇਨਤੀ ਹੈ ਕਿ ਹੋਰ ਸਮਝੌਤਿਆਂ ਆਦਿ ਨੂੰ ਪਾਸੇ ਰੱਖ ਕੇ ਸਿੱਖੀ ਵਲ ਧਿਆਨ ਦਿਤਾ ਜਾਵੇ। ਇਸ ਨੂੰ ਧਿਆਨ ਵਿਚ ਰਖਦੇ ਹੋਏ ਟਾਸਕ ਫੋਰਸ ਵਿਚ ਧਾਰਮਿਕ ਸੇਵਾਦਾਰਾਂ ਦੀ ਭਰਤੀ ਕੀਤੀ ਜਾਵੇ, ਅਤੇ ਟਾਸਕ ਫੋਰਸ ਨੂੰ ਬੰਦੀ ਅੰਦਰ ਰਖਿਆ ਜਾਵੇ। ਥੋੜੀ-ਬਹੁਤੀ ਤਾਕਤ ਵਰਤਨੀ ਪਵੇ ਤਾਂ ਪ੍ਰਬੰਧਕਾਂ ਦੇ ਹੁਕਮ ਨਾਲ, ਜੇਰੇ ਨਾਲ, ਸੁਧਾਰ ਵਾਸਤੇ। ਜੇ ਗਲਤੀ ਹੋ ਜਾਵੇ ਤਾਂ ਮੁਆਫੀ ਮੰਗਣ ਦਾ ਵੀ ਜੇਰਾ ਹੋਵੇ, ਪਸ਼ਚਾਤਾਪ ਹੋਵੇ ਤਾਂ ਕਿ ਅਗੇ ਵਾਸਤੇ ਸੁਧਾਰ ਹੋ ਸਕੇ।

ਵਾਧਾ ਘਾਟਾ ਮੁਆਫ ।

ਦਾਸਰੇ,


ਦਰਸ਼ਨ ਸਿੰਘ (ਟੋਰਾਂਟੋ, ਉਨਟਾਰੀਓ, ਕੈਨੇਡਾ) (੯੦੫-੭੯੯-੩੮੧੦)

ਅਮਰ ਸਿੰਘ (ਵੈਨਕੂਵਰ, ਬੀ. ਸੀ., ਕੈਨੇਡਾ) (੬੦੪-੫੦੫-੫੪੯੧)

ਅਖੰਡ ਕੀਰਤਨੀ ਜੱਥਾ, ਕੈਨੇਡਾ


ਕਾਪੀ:-
(ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ - ਅਨੰਦਪੁਰ ਸਾਹਿਬ, ਜਥੇਦਾਰ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ - ਨਾਂਦੇੜ ਅਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ - ਤਲਵੰਡੀ ਸਾਬੋ {ਬਠਿੰਡਾ}) ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ